# ਭਗਤ ਨਾਮਦੇਵ - ਸਬਦ ੨੧

## ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥

ਰਾਗੁ ਤਿਲੰਗ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੭੨੭

ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥
ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥
ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥੧॥ ਰਹਾਉ ॥
ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ ॥
ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥੧॥
ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥
ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥੨॥
ਚੰਦੀ ਹਜਾਰ ਆਲਮ ਏਕਲ ਖਾਨਾਂ ॥
ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥੩॥
ਅਸਪਤਿ ਗਜਪਤਿ ਨਰਹ ਨਰਿੰਦ ॥
ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥੪॥੨॥੩॥

**ਸਾਰ:** ਅੰਤਰੀਵੀ ਸਾਥ ਉਹ ਵਿਰਲੀ ਇਕਸੁਰਤਾ ਹੈ ਜਿਸ ਵਿਚ ਆਪਾ ਸਕਾਰਾਤਮਕ ਨੀਅਤ ਦੀ ਹਾਜ਼ਰਤਾ ਵਿਚ ਆਪਣੇ ਆਪ ਨੂੰ ਸੰਪੂਰਨ ਮਹਿਸੂਸ ਕਰਦਾ ਹੈ। ਇਹ ਆਪਣੇ ਧੁਰ ਅੰਦਰ ਸਮੋਈ ਇਕ ਅਜਿਹੀ ਇਮਾਨਦਾਰੀ ਹੈ, ਜਿਸ ਨੂੰ ਕਾਇਮ ਰੱਖਣ ਲਈ ਕਿਸੇ ਉਦਮ ਜਾਂ ਰੱਖਿਆ ਦੀ ਲੋੜ ਨਹੀਂ ਹੁੰਦੀ, ਜਿੱਥੇ ਚਿੰਤਨ ਇਕ ਅਜਿਹੇ ਪ੍ਰਕਾਸ਼ ਦੀ ਤਰ੍ਹਾਂ ਕਾਰਜ਼ ਕਰਦਾ ਹੈ ਜੋ ਹਰ ਵਿਰੋਧ ਵਿਚੋਂ ਵੀ ਕੋਈ ਸਾਰਥਕ ਅਰਥ ਦੀ ਭਾਲ ਕਰ ਲੈਂਦਾ ਹੈ। ਇਸ ਅੰਤਰੀਵੀ ਸਥਿਰਤਾ ਵਿਚ ਸਹਿਹੋਂਦ ਪੂਰਵਕ ਮਨੋਬਿਰਤੀ ਦਾ ਉਭਾਰ ਹੁੰਦਾ ਹੈ, ਜਿਸ ਨਾਲ ਵਿਚਾਰ ਹਰ ਰੂਪ ਅਤੇ ਪ੍ਰਗਟਾਵ ਵਿਚ ਮੌਜੂਦ ਸਰਬਵਿਆਪੀ ਤੱਤ ਨੂੰ ਪਛਾਣਣ ਲੱਗ ਪੈਂਦੇ ਹਨ। ਇਹ ਸੂਝ ਭਰਪੂਰਤਾ ਵਿਚ ਰੁਪਾਂਤ੍ਰਿਤ ਹੋ ਜਾਂਦੀ ਹੈ, ਜੋ ਆਪਣੇ ਅਤੇ ਦੂਸਰਿਆਂ ਨਾਲ ਸਨੇਹ ਪੂਰਵਕ ਰੂਪ ਵਿਚ ਟਿਕੀ ਰਹਿੰਦੀ ਹੈ। ਅਜਿਹੀ ਸੰਪੂਰਨਤਾ ਰਾਹੀਂ ਕੋਈ ਸੰਸਾਰ ਨਾਲ ਦੈਵੀ ਪ੍ਰਭੁਸੱਤਾ ਦੇ ਪ੍ਰਗਟਾਵੇ ਵੱਜੋਂ ਜੁੜ ਜਾਂਦਾ ਹੈ।

ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥

ਹੇ ਸੱਜਣੋ! ਮੇਰੇ ਕੋਲ ਆਪਣੇ ਸੱਚੇ ਮਿੱਤਰ ਬਾਰੇ ਸਾਂਝੀ ਕਰਨ ਲਈ ਇਕ ਬਾਕਮਾਲ ਖ਼ਬਰ ਹੈ। ਇਹ ਭਾਵ ਉਸ ਅਨੰਦਮਈ ਅਵਸਥਾ ਨੂੰ ਦਰਸਾਉਂਦਾ ਹੈ ਜਿਸਦਾ ਉਦਭਵ ਉਸ ਵੇਲੇ ਹੁੰਦਾ ਹੈ ਜਦੋਂ ਮਨੁੱਖ ਆਪਣੇ ਅੰਤਰੀਵੀ ਸਾਥੀ, ਉਸ ਸਰਬਵਿਆਪੀ ਚੇਤਨਾ ਦੀ ਹਾਜ਼ਰਤਾ ਨੂੰ ਪਛਾਣ ਲੈਂਦਾ ਹੈ ਜੋ ਸਾਨੂੰ ਸਭ ਨੂੰ ਆਪਸ ਵਿਚ ਜੋੜਦੀ ਹੈ।

ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥

ਬਾਰੰਬਾਰ ਮੈਂ ਆਪਣੇ ਆਪ ਨੂੰ ਅਰਪਿਤ ਕਰਦਾ ਹਾਂ; ਬਾਰੰਬਾਰ ਮੈਂ ਸਮਰਪਣ ਕਰਦਾ ਹਾਂ। ਇਹ ਭਾਵ ਹਉਮੈਂ ਦੇ ਅੰਤਰੀਵੀ ਸਮਰਪਣ ਨੂੰ ਦਰਸਾਉਂਦਾ ਹੈ, ਜੋ ਆਪੇ ਨੂੰ ਸੱਚ ਅਤੇ ਰੁਪਾਂਤ੍ਰਣ ਨੂੰ ਕਲਾਵੇ ਵਿਚ ਲੈਣ ਦੀ ਆਗਿਆ ਦਿੰਦਾ ਹੈ।

ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥੧॥ ਰਹਾਉ ॥

ਤੁਹਾਡੀ ਸੇਵਾ ਵਿਚ ਰਹਿਣਾ ਗੁਣਕਾਰੀ ਹੈ, ਅਤੇ ਤੁਹਾਡੇ ਤੱਤਸਾਰ ਬਾਰੇ ਚਿੰਤਨ ਕਰਨਾ ਇਕ ਸਰਬਉਚ ਅਨੁਭਵ ਹੈ। ਇਹ ਭਾਵ ਏਕੀਕ੍ਰਿਤ ਹੋਂਦ ਦੀ ਸਵੀਕਾਰਤਾ ਨੂੰ ਦਰਸਾਉਂਦਾ ਹੈ ਜਿਸਨੂੰ "ਤੇਰਾ" ਕਿਹਾ ਗਿਆ ਹੈ, ਜਿੱਥੇ ਜੀਵਨ ਦੇ ਹਰ ਪੱਖ ਨੂੰ ਕੀਮਤੀ ਮੰਨਿਆ ਜਾਂਦਾ ਹੈ। (੧)(ਠਹਿਰਾਉ)

ਕੂਜਾ ਆਮਦ ਕੂਜਾ ਰਫਤੀ ਕੂਜਾ ਮੇ ਰਵੀ ॥

ਮੈਂ ਕਿੱਥੋਂ ਆਇਆ ਹਾਂ, ਕਿੱਥੇ ਜਾ ਰਿਹਾ ਹਾਂ, ਅਤੇ ਮੇਰੀ ਯਾਤਰਾ ਕਿਸ ਪਾਸੇ ਵੱਧ ਰਹੀ ਹੈ? ਇਹ ਚਿੰਤਨ ਸਾਡੀਆਂ ਅਸਥਿਰਤਾਵਾਂ ਉਪਰ ਰੋਸ਼ਨੀ ਪਾਉਂਦਾ ਹੈ ਅਤੇ ਸਾਨੂੰ ਆਪਣੀ ਹੋਂਦ ਦੇ ਅਸਲ ਅਰਥ ਬਾਰੇ ਸੋਚਣ ਲਈ ਪ੍ਰੇਰਿਤ ਕਰਦਾ ਹੈ।

ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥੧॥

ਮੈਨੂੰ ਦ੍ਵਾਰਕਾ ਦਾ ਭੇਦ ਦੱਸੋ, ਉਹ ਮਿਥਹਾਸਿਕ ਨਗਰੀ ਜਿਸਨੂੰ ਜਾਗਰੂਕਤਾ ਦੇ ਦਰ ਵਜੋਂ ਜਾਣਿਆ ਜਾਂਦਾ ਹੈ। ਇਹ ਪ੍ਰਸ਼ਨ ਦ੍ਵਾਰਕਾ ਨੂੰ ਉਸ ਜਾਗਰੂਕ ਅਵਸਥਾ ਦੇ ਪ੍ਰਤੀਕ ਵਜੋਂ ਦਰਸਾਉਂਦਾ ਹੈ ਜੋ ਮਨ ਨੂੰ ਏਕਮ ਸਤਾ ਦੀ ਹਕੀਕਤ ਵੱਲ ਖੋਲ੍ਹ ਦਿੰਦੀ ਹੈ। (੧)

ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥

ਤੁਹਾਡਾ ਸਿਰਪਾਓ ਸੁੰਦਰ ਹੈ, ਜੋ ਸਕਾਰਾਤਮਕ ਇਰਾਦੇ ਦਾ ਪ੍ਰਤੀਕ ਹੈ; ਤੁਹਾਡੇ ਬਚਨ ਮਿੱਠੇ ਹਨ। ਇਹ ਭਾਵ ਦਰਸਾਉਂਦਾ ਹੈ ਕਿ ਸੁਚੇਤ ਵਿਚਾਰ ਪ੍ਰੇਰਨਾ ਦੇ ਸਕਾਰਾਤਮਕ ਪ੍ਰਗਟਾਵੇ ਵੱਲ ਲੈ ਜਾਂਦੇ ਹਨ।

ਦੁਆਰਿਕਾ ਨਗਰੀ ਕਾਹੇ ਕੇ ਮਗੋਲ ॥੨॥

ਦਵਾਰਕਾ ਸ਼ਹਿਰ ਵਿਚ ਹੋਣ ਕਰਕੇ, ਕਿਸੇ ਦੂਜੇ ਨੂੰ ਲੱਭਣ ਦੀ ਕੀ ਲੋੜ ਹੈ? ਇਸਦਾ ਅਰਥ ਹੈ ਕਿ 'ਦਵਾਰਕਾ', ਜਾਂ ਸੱਚੀ ਜਾਗਰੂਕਤਾ ਦੀ ਖੋਜ ਕਰਨ ਨਾਲ ਖੁਦ ਪ੍ਰਤੀ ਸੰਦੇਹ ਅਤੇ ਭਟਕਣਾਂ ਦੂਰ ਹੋ ਸਕਦੀ ਹੈ। (੨)

ਚੰਦੀ ਹਜਾਰ ਆਲਮ ਏਕਲ ਖਾਨਾਂ ॥

ਸਮੁੱਚੇ ਤੌਰ ‘ਤੇ, ਹੋਂਦ ਦੇ ਅਣਗਿਣਤ ਰੂਪ ਸਰਬ ਸਮਰੱਥ ਏਕਮ ਸਤਾ ਵਿਚ ਮੌਜੂਦ ਹਨ। ਇਹ ਭਾਵ ਬਹੁਲਤਾ ਵਿਚਕਾਰ ਸਮਾਈ ਏਕਤਾ, ਬ੍ਰਹਿਮੰਡੀ ਪ੍ਰਭੂਸੱਤਾ ਅਤੇ ਇਕ ਹੀ ਮੂਲ ਹਕੀਕਤ ਨੂੰ ਦਰਸਾਉਂਦਾ ਹੈ।

ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥੩॥

ਮੈਂ ਪ੍ਰਭੂਸੱਤਾ ਨੂੰ ਕਾਲੇ ਰੰਗ ਵਾਲੇ ਕ੍ਰਿਸ਼ਨ ਦੇ ਰੂਪ ਵਜੋਂ ਵੇਖਦਾ ਹਾਂ। ਇਹ ਤੁਲਨਾ ਇਸ ਤੱਥ 'ਤੇ ਜ਼ੋਰ ਦਿੰਦੀ ਹੈ ਕਿ ਅਸੀਂ ਸਰਬ ਵਿਆਪਕ ਤੱਤਸਾਰ ਨੂੰ ਇਸਦੇ ਕਈ ਰੂਪਾਂ ਵਿਚ ਪ੍ਰਗਟ ਹੋਣ ਵਾਲੇ ਵੱਖ-ਵੱਖ ਗੁਣਾਂ ਰਾਹੀਂ ਸਮਝ ਸਕਦੇ ਹਾਂ। (੩)

ਅਸਪਤਿ ਗਜਪਤਿ ਨਰਹ ਨਰਿੰਦ ॥

ਘੋੜਿਆਂ ਦੇ ਸੁਆਮੀ, ਹਾਥੀਆਂ ਦੇ ਮਾਲਕ, ਉਹ ਮਨੁੱਖਾਂ ਉੱਤੇ ਰਾਜ ਕਰਦੇ ਹਨ; ਇਹ ਭਾਵ ਉਨ੍ਹਾਂ ਵੱਖ-ਵੱਖ ਭਰਮਪੂਰਨ ਸੰਸਾਰਿਕ ਸ਼ਕਤੀਆਂ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਮਨ ਸਰਬਉਚ ਸਤਾਧਾਰੀਆਂ ਵਜੋਂ ਸਤਿਕਾਰਦਾ ਹੈ।

ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥੪॥੨॥੩॥

ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਦਾ ਮਾਲਕ ਉਹ ਹੈ ਜੋ ਰੂਹਾਨੀ ਤੌਰ 'ਤੇ ਜਾਗ੍ਰਿਤ ਕਰਦਾ ਹੈ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਿਸੇ ਸਤਿਕਾਰ ਯੋਗ ਹਸਤੀ, ਰੁਪਾਂਤ੍ਰਣਸ਼ੀਲ ਦਰਸ਼ਨ ਦਾ ਮੂਲ

ਅਧਾਰ ਇਹ ਹੁੰਦਾ ਹੈ ਕਿ ਉਹ ਅਜਿਹੇ ਬਿਬੇਕ ਨੂੰ ਸਾਂਝਾ ਕਰੇ ਜੋ ਮਨੁੱਖੀ ਅੰਤਰ-ਆਤਮਾ ਨੂੰ ਵਿਗਾਸ ਦੇ ਆਲਮ ਵਿਚ ਲੈ ਜਾਵੇ। (੪)(੨)(੩)

ਤੱਤ: ਭਗਤ ਨਾਮਦੇਵ ਸਾਨੂੰ ਇਹ ਅਨੁਭਵ ਕਰਨ ਲਈ ਪ੍ਰੇਰਿਤ ਕਰਦੇ ਹਨ ਕਿ ਪ੍ਰਭੂਸੱਤਾ ਦਾ ਅਸਲ ਸਰੂਪ ਉਹ ਹੈ ਜੋ ਸਾਂਝੀ ਮਨੁੱਖਤਾ ਪ੍ਰਤੀ ਸਾਡੀ ਚੇਤਨਾ ਨੂੰ ਜਾਗ੍ਰਿਤ ਕਰੇ। ਉਹ ਦ੍ਵਾਰਕਾ ਨੂੰ ਸਿਰਫ਼ ਇਕ ਭੌਤਿਕ ਥਾਂ ਨਹੀਂ, ਸਗੋਂ ਇਕ ਡੂੰਘੀ ਅੰਤਰੀਵੀ ਅਵਸਥਾ ਵਜੋਂ ਦਰਸਾਉਂਦੇ ਹਨ, ਜੋ ਇਸ ਦੇ ਤੱਤਸਾਰ ਨੂੰ ਪ੍ਰਗਟ ਕਰੇ, ਜੋ ਖੁਦ ਪ੍ਰਤੀ ਸੰਦੇਹ ਕਰਨ ਵਾਲੀ ਅਵਸਥਾ ਵਿਚ ਵੀ ਸਥਿਰ ਰਹਿੰਦੀ ਹੈ। ਉਹ ਪੁਰਜ਼ੋਰ ਤਾਕੀਦ ਕਰਦੇ ਹਨ ਕਿ ਕਿਸੇ ਸਤਿਕਾਰ ਯੋਗ ਹਸਤੀ, ਰੁਪਾਂਤ੍ਰਣਸ਼ੀਲ ਦਰਸ਼ਨ ਦੀ ਮੂਲ ਯੋਗਤਾ ਇਸ ਵਿਚ ਨਹਿਤ ਹੁੰਦੀ ਹੈ ਕਿ ਉਹ ਅਜਿਹੇ ਬਿਬੇਕ ਨੂੰ ਸਾਂਝਾ ਕਰੇ ਜੋ ਮਨੁੱਖੀ ਅੰਤਰ-ਆਤਮਾ ਨੂੰ ਵਿਗਾਸ ਦੇ ਆਲਮ ਵਿਚ ਲੈ ਜਾਵੇ ਅਤੇ ਸਰਬਸਾਂਝੀ ਏਕਤਾ ਦੀ ਭਾਵਨਾ ਦਾ ਵਿਕਾਸ ਕਰੇ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**